੧ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B. GURDWARA
106 EAST PARK ROAD
LEICESTER
TEL: (0116) 276 0517

ਟ੍ਰੈਕਟ ਨੰ: 13

# ਸ਼ਰਧਾਂਜਲੀ

ਪ੍ਰਕਾਸ਼ਕ

**ਗੁਰਮਤਿ ਪ੍ਰਚਾਰ ਸਭਾ**

ਪਟਿਆਲਾ

| | | |
|---|---|---|
| ਜੁਲਾਈ 1995 | ਸੰਮਤ ਖਾਲਸਾ 297 | ਸਤਵੀਂ ਵਾਰ 10000 |

ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਓ !

# ਮੁਢਲੀ ਜਾਣਕਾਰੀ

ਸਿੱਖ ਸਿਧਾਂਤਾਂ ਦੀ ਮੁੱਢਲੀ ਜ਼ਰੂਰੀ ਜਾਣਕਾਰੀ ਹਰ ਸਿੱਖ ਅਖਵਾਉਣ ਵਾਲੇ ਨੂੰ ਹੋਣੀ ਜ਼ਰੂਰੀ ਹੈ ਪਰ ਇਹ ਹੋਵੇ ਕਿਵੇਂ ?

ਵੱਖ-ਵੱਖ ਬਾਣੀਆਂ ਦੇ ਸਟੀਕ, ਗੁਰਇਤਿਹਾਸ, ਸਿੱਖ ਰਹਿਤ ਮਰਿਯਾਦਾ ਅਤੇ ਹੋਰ ਵੀਚਾਰਵਾਨਾਂ ਦੀਆਂ ਰਚਨਾਵਾਂ ਪੜ੍ਹੇ ਬਗੈਰ ਇਹ ਜਾਣਕਾਰੀ ਹੋ ਨਹੀਂ ਸਕਦੀ। ਪਰ ਅੱਜ ਕਲ ਉਪਰੋਕਤ ਲਿਟ੍ਰੇਚਰ ਪੜ੍ਹਨ ਦੀ ਰੁਚੀ ਸੰਗਤਾਂ ਵਿਚ ਜਿਥੇ ਬਹੁਤ ਹੀ ਘੱਟ ਹੈ ਉਥੇ ਇਸ ਤਰ੍ਹਾਂ ਦਾ ਤਸੱਲੀਬਖਸ਼ ਲਿਟਰੇਚਰ ਜਿਥੇ ਹਰ ਥਾਂ ਮਿਲ ਨਹੀਂ ਸਕਦਾ ਉਥੇ ਹਰ ਕੋਈ ਖਰੀਦ ਵੀ ਨਹੀਂ ਸਕਦਾ।

ਇਹੋ ਕਾਰਨ ਹੈ ਕਿ ਸਾਡਾ ਸਿੱਖ ਜਗਤ ਦੇਖਾ-ਦੇਖੀ, ਬੇਮਲੂਮਾ ਅਨਮਤੀ ਵੀਚਾਰਾਂ ਨੂੰ ਬਿਨਾਂ ਵਿਚਾਰਿਆਂ ਅਪਣਾਈ ਜਾ ਰਿਹਾ ਹੈ।

ਗੁਰੂ ਪਾਤਸ਼ਾਹ ਨੇ ਕਿਰਪਾ ਕੀਤੀ ਸਾਡੇ ਔਗਣਹਾਰਿਆਂ ਦੇ ਔਗਣ ਨਾ ਚਿਤਾਰਦਿਆਂ ਹੋਇਆਂ, ਸਿੱਖ ਧਰਮ ਦੇ ਮੁੱਢਲੇ ਜ਼ਰੂਰੀ ਸਿਧਾਂਤਾਂ ਨੂੰ ਪ੍ਰਚਾਰਨ ਹਿੱਤ ਟ੍ਰੈਕਟ ਛਪਵਾ ਕੇ ਦੂਰ-ਨੇੜੇ ਭਿਜਵਾਉਣ ਅਤੇ ਵੰਡਾਉਣ ਦਾ ਅਵਸਰ ਬਖਸ਼ ਕੇ ਸਿੱਖ ਸੰਗਤਾਂ ਦੀ ਸੇਵਾ ਕਰਨ ਦਾ ਸੁਭਾਗ ਸਮਾਂ ਬਖਸ਼ਿਆ ਹੈ।

ਸੱਚੇ ਪਾਤਸ਼ਾਹ ਦੀ ਇਸ ਗਰੀਬ ਨਿਵਾਜ਼ੀ ਦਾ ਜਿਤਨਾ ਵੀ ਧੰਨਵਾਦ ਕਰੀਏ, ਥੋੜਾ ਹੈ।

ਪ੍ਰਬੰਧਕ

# ਸ਼ਰਧਾਂਜਲੀ

ਮ੍ਰਿਤਕ ਪ੍ਰਾਣੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਰਿਵਾਜ ਕਦੋਂ ਤੇ ਕਿਸ ਤਰ੍ਹਾਂ ਸ਼ੁਰੂ ਹੋਇਆ, ਇਸ ਬਾਰੇ ਨਿਸ਼ਚਿਤ ਨਾਲ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਰੀਸੋ ਰੀਸੀ ਇਹ ਭੈੜਾ ਰਿਵਾਜ ਕੌੜੀ ਵੇਲ ਵਾਂਗ ਦਿਨੋ ਦਿਨ ਵਧਦਾ ਹੀ ਜਾ ਰਿਹਾ ਹੈ। ਕੋਈ ਘਰਾਨਾ, ਵੱਡਾ ਹੋਵੇ ਜਾਂ ਛੋਟਾ, ਆਸਤਕ ਹੋਵੇ ਜਾਂ ਨਾਸਤਕ, ਧਰਮੀ ਹੋਵੇ ਜਾਂ ਅਧਰਮੀ, ਹਰ ਕੋਈ ਚਾਹੁਣ ਲਗ ਪਿਆ ਹੈ ਕਿ ਉਸ ਦੇ ਮ੍ਰਿਤਕ ਸਬੰਧੀ ਨੂੰ ਸ਼ਰਧਾਂਜਲੀਆਂ ਜ਼ਰੂਰ ਭੇਟ ਕੀਤੀਆਂ ਜਾਣ।

ਘਰ ਵਾਲਿਆਂ ਦੀ ਇਹ ਵੀ ਇੱਛਾ ਹੁੰਦੀ ਹੈ ਕਿ ਸ਼ਰਧਾਂਜਲੀ ਭੇਟ ਕਰਨ ਵਾਲਾ ਮਨੁੱਖ ਸਮਾਜ ਵਿਚ ਕੁਝ ਉਚਾ ਦਰਜਾ ਰੱਖਣ ਵਾਲਾ ਹੋਵੇ। ਜਾਂ ਫਿਰ ਸਟੇਜ ਤੇ ਚੰਗਾ ਬੋਲ ਸਕਦਾ ਹੋਵੇ ਅਤੇ ਸੁਨਣ ਵਾਲਿਆਂ ਉਤੇ ਵੀ ਚੰਗਾ ਪ੍ਰਭਾਵ ਪਾ ਸਕਦਾ ਹੋਵੇ।

ਇਸ ਤਰ੍ਹਾਂ ਦੇ ਬੋਲਣ ਵਾਲੇ ਲਗਭਗ ਹਰ ਵਰਗ ਵਿਚ ਮਿਲ ਜਾਂਦੇ ਹਨ ਜੋ ਲੋਕਾਂ ਦਾ ਘਰ ਪੂਰਾ ਕਰ ਦਿੰਦੇ ਹਨ।

ਮ੍ਰਿਤਕ ਪ੍ਰਾਣੀ ਦੀ ਆਤਮਾ ਦੀ ਕਲਿਆਨਤਾ ਲਈ ਰੱਖੇ ਅਖੰਡ ਪਾਠ ਜਾਂ ਸਹਿਜ ਦੇ ਭੋਗ ਮਗਰੋਂ ਗੁਰਬਾਣੀ ਦਾ ਕੀਰਤਨ ਕਰਾਇਆ ਜਾਂਦਾ ਹੈ ਤੇ ਫਿਰ ਸ਼ਰਧਾਂਜਲੀਆ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਇਹ ਤਾਂ ਸਾਡੇ ਵਤੀਰੇ ਦੀ ਗੱਲ ਠੀਕ ਹੈ। ਤੇ ਹੋਣੀ ਵੀ ਚਾਹੀਦੀ ਹੈ ਕਿ ਵਿਛੜੇ ਪ੍ਰਾਣੀ ਨੂੰ ਉਸ ਦੀਆਂ ਚੰਗੀਆਂ ਗੱਲਾਂ ਨਾਲ ਹੀ ਯਾਦ ਕੀਤਾ ਜਾਵੇ। ਉਸ ਦੀਆਂ ਭੁੱਲਾਂ ਨੂੰ ਭੁਲਾ ਦੇਣਾ ਹੀ ਬਣਦਾ ਹੈ। ਪਰ ਗੁਰੂ ਮਹਾਰਾਜ ਦੇ ਹਜ਼ੂਰ

ਜਦ ਉਸ ਦੀਆਂ ਸਿਫਤਾਂ ਦੇ ਪੁਲ ਬੰਨ੍ਹਣ ਲਗਿਆਂ ਬੁਲਾਰਾ, ਅੱਗਾ ਪਿੱਛਾ ਹੀ ਭੁੱਲ ਜਾਂਦਾ ਹੈ ਅਤੇ ਐਸੀਆਂ ਸਿਫ਼ਤਾਂ ਕਰਨ ਲਗ ਜਾਂਦਾ ਹੈ ਜੋ ਉਸ ਵਿਚ ਹੁੰਦੀਆਂ ਹੀ ਨਹੀਂ ਸਨ, ਤਾਂ ਇਹ ਬਹੁਤ ਵੱਡਾ ਝੂਠ ਸੁਣ ਕੇ ਦੁੱਖ ਹੁੰਦਾ ਹੈ।

ਇਹੋ ਜਿਹੀਆਂ ਸ਼ਰਧਾਜਲੀਆਂ ਸੁਣ ਕੇ ਲੋਕ ਮੂੰਹ ਨੀਵਾਂ ਕਰਕੇ ਹੱਸਦੇ ਤੇ ਮਖੌਲ ਉਡਾਉਂਦੇ ਹਨ। ਲੋਕੀ ਇਸ ਤਰ੍ਹਾਂ ਦੇ ਗਪੋੜੇ ਸੁਣ ਸੁਣ ਕੇ ਕਈ ਵਾਰ ਤੰਗ ਵੀ ਪੈ ਜਾਂਦੇ ਹਨ। ਕਿਉਂਕਿ ਉਹ ਮ੍ਰਿਤਕ ਪ੍ਰਾਣੀ ਦੇ ਗੁਣ-ਔਗੁਣ ਸੁਭਾਅ ਅਤੇ ਉਸ ਦੇ ਕੀਤੇ ਗਲਤ ਕੰਮਾਂ ਤੋਂ ਜਾਣੂ ਹੁੰਦੇ ਹਨ। ਪਰ·ਬੋਲਣ ਵਾਲਾ ਵਿਚਾਰਾ ਕੀ ਕਰੇ ਉਸ ਨੇ ਤਾਂ ਸਚੀਆਂ ਝੂਠੀਆਂ ਕਹਿ ਕੇ ਘਰ ਵਾਲਿਆਂ ਨੂੰ ਤਾਂ ਖੁਸ਼ ਕਰਨਾ ਹੀ ਹੁੰਦਾ ਹੈ।

ਕਈ ਵਾਰ ਇਹ ਵੀ ਦੇਖਣ ਵਿਚ ਆਇਆ ਹੈ ਕਿ ਸ਼ਰਧਾਂਜਲੀ ਦੇਣ ਵਾਲਾ ਮ੍ਰਿਤਕ ਦੀ ਥਾਂ ਘਰ ਵਾਲਿਆਂ ਦੀਆਂ ਹੀ ਸਿਫਤਾਂ ਕਰਨ ਲਗ ਜਾਂਦਾ ਹੈ ਤੇ ਇਉਂ ਜਾਪਨ ਲੱਗ ਜਾਂਦਾ ਹੈ ਕਿ ਘਰ ਵਾਲਿਆਂ ਨੇ ਇਹ ਸਮਾਗਮ ਆਪਣੀਆਂ ਸਿਫਤਾਂ ਕਰਾਉਣ ਲਈ ਰਚਿਆ ਹੈ।

ਕਿਸੇ ਮਹਾਨ ਪੁਰਸ਼, ਚੰਗੇ ਜੀਵ ਦੀ ਵਡਿਆਈ ਕਰਨੀ ਕਿਸੇ ਹਦ ਤਕ ਠੀਕ ਹੋ ਸਕਦੀ ਹੈ ਜੇ ਉਹ ਵੀ ਸ੍ਰੀ ਗੁਰੂ ਗਰੰਥ ਸਾਹਿਬ ਮਹਾਰਾਜ ਦੇ ਅਦਬ ਅਤੇ ਭੈ ਭਾਵਨੀ ਨੂੰ ਸਾਹਮਣੇ ਰੱਖ ਕੇ ਕੀਤੀ ਜਾਏ ਅਤੇ ਜੋ ਉਸ ਮ੍ਰਿਤਕ ਨੇ ਗੁਰੂ ਆਦਰਸ਼ ਅਨੁਸਾਰ ਆਪ ਜੀਵਨ ਜੀਵਿਆ ਹੋਵੇ ਅਤੇ ਗੁਰੂ ਆਸ਼ੇ ਨੂੰ ਹੀ ਪ੍ਰਚਾਰਨ ਹਿੱਤ ਜਿੰਦਗੀ ਲਾਈ ਹੋਵੇ। ਪਰ ਜਿਸ ਮਨੁੱਖ ਦੀ ਉਮਰ ਗੁਨਾਹਾਂ ਵਿਚ ਹੀ ਬਤੀਤ ਹੋਈ ਹੋਵੇ। ਸਮਗਲਰ ਹੋਵੇ, ਪਾਪ ਕਰਕੇ ਇਕਠੀ ਕੀਤੀ ਹੋਈ ਮਾਇਆ ਦੇ ਬਲ ਨਾਲ ਸਮਾਜ ਵਿਚ ਕੋਈ ਉਚਾ ਸਥਾਨ ਵੀ ਪ੍ਰਾਪਤ ਕਰ ਲਿਆ ਹੋਵੇ . ਇਹੋ ਜਿਹੇ ਮਨੁਖ ਦੀ ਮ੍ਰਿਤੂ ਹੋਣ ਤੇ ਸ਼ਰਧਾਂਜਲੀਆਂ ਭੇਟ ਕਰਣੀਆ, 'ਪੂਰਨ ਗੁਰਸਿਖ ਦੀਆਂ ਪਦਵੀਆਂ ਦੇਣੀਆਂ, ਪਹਾੜ ਜਿੰਨਾ ਵੱਡਾ ਝੂਠ ਹੁੰਦਾ ਹੈ। ਪਾਪ

ਹੁੰਦਾ ਹੈ।

ਇਹੋ ਜਿਹੇ ਲੋਕਾਂ ਨੂੰ ਝੂਠ ਬੋਲਦਿਆਂ ਨਾਂਹ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਦੀ ਪ੍ਰਵਾਹ ਹੁੰਦੀ ਹੈ, ਨਾਂਹ ਹੀ ਗੁਰੂ ਰੂਪ ਸੰਗਤ ਸਾਹਮਣੇ ਕੁਫਰ ਤੋਲਣ ਲਗਿਆਂ ਸ਼ਰਮ ਆਉਂਦੀ ਹੈ। ਹਾਲਾਂ ਕਿ ਸੰਬੋਧਨ ਕਰਨ ਲਗਿਆਂ ਸੰਗਤ ਨੂੰ ਗੁਰੂ ਦਾ ਰੂਪ ਉਹ ਆਪ ਕਹਿੰਦੇ ਹਨ।

ਈਮਾਨਦਾਰੀ (ਨੇਕ ਨੀਤੀ ) ਨਾਲ ਵੇਖਿਆ ਜਾਏ ਤਾਂ ਇਹੋ ਜਿਹੀਆਂ ਸ਼ਰਧਾਂਜਲੀਆਂ ਭੇਂਟ ਕਰ ਕੇ ਸੁਣ ਕੇ ਆਪਣੀ ਆਤਮਾ ਦੀ ਅਵਾਜ ਨੂੰ ਹੀ ਖਤਮ ਕਰਨਾ ਹੁੰਦਾ ਹੈ, ਜ਼ਮੀਰ ਨੂੰ ਦਬਾਉਣਾ ਹੁੰਦਾ ਹੈ, ਜੋ ਵੀ ਇਕ ਵੱਡਾ ਦੋਸ਼ (ਮਹਾਨ ਪਾਪ) ਹੈ।

ਚੰਗੇ-ਭਲੇ, ਪੜ੍ਹੇ ਲਿਖੇ ਅਤੇ ਸਿਆਣੇ ਲੋਕ ਵੀ ਆਪਣੇ ਮ੍ਰਿਤਕ ਪ੍ਰਾਣੀ ਨਮਿਤ ਫਰਜੀ (ਝੂਠੀਆਂ) ਸ਼ਰਧਾਂਜਲੀਆਂ ਸੁਣ ਕੇ ਜਿਥੇ ਖੁਸ਼ ਹੁੰਦੇ ਦੇਖੇ ਜਾਂਦੇ ਹਨ, ਉਥੇ ਵੱਡੇ ਸ਼ਹਿਰਾਂ ਵਿਚ ਸ਼ਰਧਾਂਜਲੀਆਂ ਭੇਟ ਕਰਨ ਦੇ ਮਾਹਿਰ, ਜਿਨ੍ਹਾਂ ਨੇ ਇਹ ਪੇਸ਼ਾ ਹੀ ਬਣਾ ਲਿਆ ਹੈ, ਇਹੋ ਜਿਹੇ ਮੌਕੇ ਤੇ ਚੰਗੀ ਮਾਇਆ ਪ੍ਰਾਪਤ ਕਰਕੇ ਜਿਥੇ ਆਪਣਾ ਰੁਜ਼ਗਾਰ ਕਾਇਮ ਕਰ ਰਹੇ ਹਨ ਉਥੇ ਇਹ ਭੰਡ-ਨੁਮਾ ਲੋਕ ਵਕਤ ਵੇਖ ਕੇ ਸੁਰ ਤਾਲ ਅਲਾਪਦੇ ਹਨ ਅਤੇ ਸਰੋਤਿਆਂ ਨੂੰ ਮੂਰਖ ਬਣਾਉਣ ਦਾ ਕੋਝਾ ਯਤਨ ਕਰਦੇ ਹਨ।

ਜੇ ਗੰਭੀਰਤਾ ਨਾਲ ਸੋਚੀਏ ਤਾਂ ਮ੍ਰਿਤਕ ਲਈ ਅਰਦਾਸ ਅਤੇ ਉਸ ਦੇ ਪਰਿਵਾਰ ਨੂੰ ਸ਼ਾਤੀ ਅਤੇ ਭਾਣਾ ਮੰਨਣ ਦਾ ਉਪਦੇਸ਼ ਗੁਰਬਾਣੀ ਦਾ ਪਾਠ ਅਤੇ ਕੀਰਤਨ ਨਾਲੋਂ ਵਧ ਹੋਰ ਕੌਣ ਦੇ ਸਕਦਾ ਹੈ?

ਗੁਰਬਾਣੀ ਦੇ ਪਾਠ ਅਤੇ ਅਰਦਾਸ ਤੋ ਵਧ ਹੋਰ ਸੱਚੀ ਸ਼ਰਧਾਂਜਲੀ ਹੋ ਵੀ ਕੀ ਸਕਦੀ ਹੈ ? ਪਰ ਅਫਸੋਸ! ਅਸੀਂ ਗੁਰੂ ਦੇ ਸਿੱਖ ਅਖਵਾਉਣ ਵਾਲੇ ਗੁਰਬਾਣੀ ਨੂੰ ਸਹੀ ਅਰਥਾਂ ਵਿਚ ਸਮਝਣ ਸਮਝਾਉਣ ਦੀ ਕੋਸ਼ਿਸ ਹੀ ਨਹੀਂ ਕਰਦੇ। ਅਤੇ ਅਰਦਾਸ ਦੀ ਮਹਾਨਤਾ ਨੂੰ ਬਹੁਤਿਆਂ ਨੇ ਸਮਝਿਆ

ਹੀ ਨਹੀਂ। ਜਾਂ ਜੇ ਸਮਝਿਆ ਹੈ ਮਚਲੇ ਬਣ ਕੇ ਨਿਤ ਨਵੇਂ ਇਹੋ ਜਿਹੇ ਡਰਾਮੇ ਰਚਦੇ ਅਤੇ ਵੇਖ ਕੇ ਆਪਣਾ ਕੀਮਤੀ ਸਮਾਂ (ਮਨੁਖਾ ਜਨਮ) ਪਤਾ ਨਹੀ ਨਸ਼ਟ ਕਿਉਂ ਕਰਦੇ ਚਲੇ ਆ ਰਹੇ ਹਾਂ ?

ਕੁਝ ਵੀ ਹੋਵੇ, ਗੁਰੂ ਮਹਾਰਾਜ ਦੇ ਹਜ਼ੂਰ, ਕੀਰਤਨਕਥਾ ਅਤੇ ਅਰਦਾਸ ਤੋਂ ਇਲਾਵਾ (ਬਗੈਰ) ਮ੍ਰਿਤਕ ਪ੍ਰਾਣੀ ਨੂੰ ਸ਼ਰਧਾਂਜਲੀਆਂ ਭੇਟ ਕਰਨਾ, ਕਿਸੇ ਪੱਖੋਂ ਵੀ ਗੁਰਮਤਿ ਅਨੁਸਾਰ ਨਹੀਂ। ਇਹ ਨਿਰੀ ਮਨਮਤ ਹੈ। ਇਸ ਲਈ ਇਹ ਕੋਝਾ ਰਿਵਾਜ ਬਿਲਕੁਲ ਬੰਦ ਕਰਨਾ ਤੇ ਕਰਾਉਣਾ ਚਾਹੀਦਾ ਹੈ।

## ਹੋਰ ਦੇਖੋ

ਸਾਡੇ ਆਮ ਸਿੱਖਾਂ ਦੇ ਘਰਾਂ ਵਿਚ ਕਿਸੇ ਪ੍ਰਾਣੀ ਦੀ ਮ੍ਰਿਤੂ ਸਮੇਂ ਭਾ: ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਇਹ ਸ਼ਬਦ ਜ਼ਰੂਰ ਪੜ੍ਹਿਆ ਪੜ੍ਹਾਇਆ ਜਾਂਦਾ ਹੈ :-

**ਗੁਰਮੁਖ ਜਨਮ ਸਵਾਰ ਦਰਗਹਿ ਚਲਿਆ ।।**
**ਸਚੀ ਦਰਗਹਿ ਜਾਇ ਸੱਚਾ ਪਿੜ ਮਲਿਆ ।।**

ਇਨ੍ਹਾਂ ਪੰਗਤੀਆਂ ਤੋਂ ਇਹ ਪ੍ਰਭਾਵ ਲਿਆ ਜਾਂਦਾ ਹੈ ਕਿ ਜੋ ਰੂਹ ਸਾਥੋਂ ਵਿਛੜ ਗਈ ਹੈ, ਉਹ ਗੁਰਮੁਖ ਸੀ। ਉਹ ਪ੍ਰਾਣੀ ਆਪਣਾ ਜਨਮ ਸਫਲਾ ਕਰਕੇ, ਸੰਵਾਰ ਕੇ ਇਸ ਸੰਸਾਰ ਤੋਂ ਗਿਆ ਹੈ ਅਤੇ ਅਗੇ ਪ੍ਰਮਾਤਮਾ ਦੀ ਦਰਗਾਹ ਵਿਚ ਉਸ ਨੇ ਸੱਚਾ ਪਿੜ ਮੱਲ ਲਿਆ ਹੈ।

# ਜ਼ਰਾ ਸੋਚੀਏ !

ਸਾਨੂੰ ਕਿਸ ਤਰ੍ਹਾਂ ਪਤਾ ਲਗ ਗਿਆ ਹੈ ਕਿ ਵਿਛੜੀ ਰੂਹ ਨੇ ਅਗੇ ਪ੍ਰਮਾਤਮਾ ਦੇ ਦਰ ਤੇ ਸੱਚਾ ਪਿੜ ਮੱਲ ਲਿਆ ਹੈ ?

ਵਿਛੜੀ ਰੂਹ ਨੇ ਜੋ ਸੱਚਾ ਪਿੜ ਮਲਣਾ ਹੈ ਜਾਂ ਗੁਰਮੁਖਾਂ ਦੀ ਕਤਾਰ ਵਿਚ ਗਿਣਿਆ ਜਾਣਾ ਹੈ ਜਾਂ ਉਸ ਦਾ ਜਨਮ ਸਫਲਾ ਹੋਇਆ ਹੈ ਜਾਂ ਹੋਣਾ ਹੈ, ਤਾਂ ਉਹ ਉਸ ਦੀ ਆਪਣੀ ਕਰਨੀ ਕਮਾਈ ਦੇ ਸਦਕੇ ਹੀ ਹੋਣਾ ਹੈ, ਨਾ ਕਿ ਸਾਡੀਆਂ ਤੁਹਾਡੀਆਂ ਸ਼ਰਧਾਂਜਲੀਆਂ ਜਾਂ ਇਨ੍ਹਾਂ ਉਪਰਲੀਆਂ ਪੰਗਤੀਆਂ ਦੇ ਪੜ੍ਹਨ ਸੁਣਨ ਨਾਲ ਹੋਣਾ ਹੈ।

ਦਰਅਸਲ ਅਸੀ ਸਾਰੇ ਤਾਂ ਨਹੀ ਪਰ ਬਹੁਤੇ ਲੋਕ ਹੋਰ ਧਰਮ ਦੇ ਕੰਮਾਂ ਵਾਂਗ ਇਹੋ ਜਿਹੇ ਮਿਰਤਕ ਸਮਾਗਮਾਂ ਉਤੇ ਵੀ ਰਸਮੀ ਤੌਰ ਤੇ ਹੀ ਸ਼ਾਮਲ ਹੁੰਦੇ ਹਾਂ ਅਤੇ ਰਸਮੀ ਤੌਰ ਤੇ ਹੀ ਪਾਠ-ਕੀਰਤਨ ਆਦਿ ਕਰ ਸੁਣ ਲੈਂਦੇ ਹਾਂ । ਇਸ ਤਰਾਂ ਦੇ ਰਸਮੀ ਤੌਰ ਤੇ ਕੀਤੇ ਕੰਮਾਂ ਦਾ ਫਲ ਤੇ ਅਸਰ ਵੀ ਉਹੋ ਜਿਹਾ ਹੀ ਹੋਣਾ ਹੈ ।

ਨਿਰਪੱਖ ਹੋਕੇ, ਠੰਡੇ ਦਿਲ ਨਾਲ ਸੋਚੀਏ ਕਿ ਮ੍ਰਿਤਕ ਦੇ ਭੋਗ ਸਮੇ ਇਸ ਤਰਾਂ ਦੀਆਂ ਸ਼ਰਧਾਂਜਲੀਆਂ ਅਤੇ ਸ਼ਬਦ ਪੜ੍ਹਕੇ ਹਰ ਇਕ ਨੂੰ ਗੁਰਮੁਖ ਦੀ ਪਦਵੀ ਦੇਣੀ ਅਤੇ ਸੱਚਾ ਪਿੜ ਮਲਨ ਦਾ ਸਰਟੀਫਿਕੇਟ ਦੇ ਦੇਣਾ, ਕਿਥੋਂ ਤਕ ਠੀਕ ਤੇ ਜਾਇਜ਼ ਹੈ ।

ਇਸ ਦਾ ਮਤਲਬ ਇਹ ਹੋਇਆ ਕਿ ਮ੍ਰਿਤਕ ਆਪਣੀ ਜੀਵਨ ਯਾਤਰਾ ਵਿਚ, ਜਿਹੋ ਜਿਹੇ ਚੰਗੇ ਮੰਦੇ ਕੰਮ ਕਰਦਾ ਰਿਹਾ ਹੈ, ਉਨ੍ਹਾਂ ਕੰਮਾਂ ਦਾ ਉਸ ਦੀ ਰੂਹ ਉਤੇ ਕੋਈ ਅਸਰ ਨਹੀ ਹੋਣਾ ਜਾਂ ਨਹੀ ਹੋਵੇਗਾ । ਗੁਰਬਾਣੀ ਤਾਂ ਕਹਿੰਦੀ ਹੈ : -

## ਜੇਹੀ ਸੁਰਤ ਤਿਹਾ ਤਿਨ ਰਾਹੁ
## ਅਤੇ – ਜੈਸਾ ਸੇਵੈ ਤੈਸਾ ਹੋਵੈ

ਅਨੁਸਾਰ ਮਨੁਖ ਦੇ ਕੀਤੇ ਕੰਮਾਂ ਦਾ ਅਸਰ ਉਸ ਦੀ ਰੂਹ ਤੇ ਜ਼ਰੂਰ ਪੈਂਦਾ ਹੈ ਅਤੇ ਅਗੋਂ ਫਲ ਵੀ ਉਸ ਨੂੰ ਉਸ ਤਰ੍ਹਾਂ ਦਾ ਮਿਲਦਾ ਹੈ ।

ਸ਼ੁਰੂ ਵਿਚ ਦਿਤੀਆਂ ਬਾਣੀ ਦੀਆਂ ਪੰਗਤੀਆਂ ਦੇ ਅਰਥ ਭਾਵਾਂ ਨੂੰ ਜੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਹ ਪੰਗਤੀਆਂ ਵਾਲਾ ਸ਼ਬਦ ਪ੍ਰਾਣੀ ਦੇ ਚੜਾਈ ਕਰ ਜਾਣ ਬਾਅਦ ਪੜਨਾ ਬਣਦਾਂ ਹੀ ਨਹੀ । ਕਿਉਂਕਿ ਉਸ ਵੇਲੇ ਉਹ ਵਿਛੜ ਚੁਕੀ ਰੂਹ ਨ ਸੁਣ ਰਹੀ ਹੁੰਦੀ ਹੈ ਅਤੇ ਨਾਂਹ ਹੀ ਪੜ ਰਹੀ ਹੁੰਦੀ ਹੈ । ਉਸ ਨੂੰ ਇਨ੍ਹਾਂ ਪੰਗਤੀਆਂ ਤੋ ਕੀ ਪ੍ਰਭਾਵ ਲੈਣਾ ਹੈ ? ਭਾਵ ਕੁਝ ਨਹੀਂ ।

ਅਸੀ ਆਪਣੀ ਸਾਰੀ ਜ਼ਿੰਦਗੀ ਜਿਤਨੇ ਮਰਜ਼ੀ ਝੂਠ ਬੋਲਦੇ ਰਹੀਏ, ਕਾਰ ਵਿਹਾਰ ਵਿਚ ਅਤੇ ਲੈਣ ਦੇਣ ਦੇ ਹੋਰ ਅਨੇਕ ਕੰਮਾਂ ਵਿਚ ਸੈਂਕੜੇ ਹੇਰਾ-ਫੇਰੀਆਂ, ਝੂਠ-ਚਾਲਾਕੀਆਂ ਤੇ ਹੋਰ ਗਲਤ ਗੱਲਾਂ ਕਰਦੇ ਰਹੀਏ ਤੇ ਮਰਨ ਪਿਛੋਂ ਸਾਡੇ ਬਚੇ ਆਪ ਕਹਿ ਦੇਣ ਜਾਂ ਹੋਰਨਾਂ ਤੋਂ ਕਹਿਲਵਾ ਦੇਣ ਕਿ ਅਸੀਂ ਸਚਾ ਪਿੜ ਮਲ ਲਿਆ ਹੈ ਤਾਂ ਫਿਰ ਇਹ ਕਿਤਨੀ ਨਿਰਾਦਰੀ ਹੈ, ਉਸ ਅਕਾਲ ਪੁਰਖ ਦੀ ਅਤੇ ਉਸ ਦੇ ਸਚੇ ਪਿੱੜ ਦੀ (ਜੋ ਸਚਾਈ ਵਿਹੂਣੇ ਮਨੁਖ ਨੂੰ ਵੀ ਉਥੇ ਮਿਲ ਜਾਂਦਾ ਹੈ ।)

ਨਾਂਹ ਤਾਂ ਸਾਡੇ ਬਚੇ ਰੱਬ ਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲਗੇ ਹੋਏ ਹਨ ਜੋ ਸਾਨੂੰ ਡਿਗਰੀ ਦੇ ਦੇਣਗੇ ਕਿ ਅਸੀਂ ਜਨਮ ਸਵਾਰ ਕੇ ਇਥੋਂ ਗਏ ਹਾਂ ਅਤੇ ਨਾਂਹ ਹੀ ਰਸ ਦੀ ਸੱਚੀ ਅਦਾਲਤ ਦੇ ਚੀਫ ਜਸਟਿਸ ਲਗੇ ਹਨ ਜੋ ਇਹ ਫੈਸਲਾ ਸੁਣਾ

ਦਿਣਗੇ ਕਿ ਅਸੀ ਸੱਚਾ ਪਿੱੜ ਮੱਲ ਲਿਆ ਹੈ ।

ਦਰਅਸਲ ਇਹ ਵਾਈਸ ਚਾਂਸਲਰ ਅਤੇ ਚੀਫ ਜਸਟਿਸ ਅਕਾਲ ਪੁਰਖ ਆਪ ਹੀ ਹੈ ਜੋ ਜਿਥੇ ਸਰਬ ਸ਼ਕਤੀਮਾਨ ਹੈ ਉਥੇ ਸਭ ਦੇ ਦਿਲਾਂ ਦੀ ਜਾਣਨ ਵਾਲਾ ਹੈ । ਉਥੇ ਤਾਂ : -

**ਮੰਦਾ ਚੰਗਾ ਆਪਣਾ ।**
**ਆਪੇ ਹੀ ਕੀਤਾ ਪਾਵਣਾ ।।**

ਅਨੁਸਾਰ ਸਾਡੇ ਚੰਗੇ ਮੰਦੇ ਕੀਤੇ ਹੋਏ ਕਰਮਾਂ ਦੇ ਅਧਾਰ ਤੇ ਹੀ ਉਸ ਨੇ ਨਿਰਨਾ ਕਰਨਾ ਹੈ ਕਿ ਅਸੀਂ ਇਸ ਸੰਸਾਰ ਵਿਚ ਰਹਿ ਕੇ ਕੀ ਕੀ ਕਾਰਨਾਮੇ ਕੀਤੇ ਹਨ ।

ਮਰਨ ਮਗਰੋ ਉਪਰਲਾ ਸ਼ਬਦ ਪੜਨ ਪੜਾਉਣ ਦੀ ਬਜਾਏ ਸਾਨੂੰ ਆਪਣੇ ਜੀਉਂਦੇ ਜੀਅ ਇਹ ਸ਼ਬਦ ਬਾਰ ਬਾਰ ਪੜ੍ਹ ਸੁਣ ਕੇ ਜਿਥੇ ਇਸ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ ਉਥੇ ਸਚੇ ਪਿੱੜ ਦੇ ਮੱਲਣ ਦੀ ਤਿਆਰੀ ਲਈ ਸੱਚਾ ਸੁਚਾ ਜੀਵਣ ਬਣਾਉਣ ਲਈ ਯੋਗ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੁ ਮਰਨ ਮਗਰੋਂ ਗੁਰਮੁਖਾਂ ਦੀ ਕਤਾਰ ਵਿਚ ਖੜੇ ਹੋਣ ਯੋਗ ਹੋ ਸਕੀਏ ।

## ਮ੍ਰਿਤਕ ਦੀ ਤਸਵੀਰ

ਮ੍ਰਿਤਕ ਦੇ ਭੋਗ ਸਮੇ ਸ਼ਰਧਾਂਜਲੀਆਂ ਭੇਟ ਕਰਨ ਦੇ ਗਲਤ ਰਿਵਾਜ ਦੇ ਨਾਲ ਨਾਲ ਇਕ ਹੋਰ ਪਖੰਡ ਇਹ ਤੁਰ ਪਿਆ ਹੈ ਕਿ ਮ੍ਰਿਤਕ ਦੇ ਭੋਗ ਸਮੇਂ ਕੀਤੇ ਜਾ ਰਹੇ ਸਮਾਗਮ ਵਿਚ ਮ੍ਰਿਤਕ ਦੀ ਤਸਵੀਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜੂਰੀ ਵਿਚ ਰਖੀ ਜਾਣ ਲਗ ਪਈ ਹੈ ।

ਕਈ ਲੋਕ ਇਹ ਤਸਵੀਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗੇ

ਟਿਕਾ ਦੇਂਦੇ ਹਨ, ਜਿਥੇ ਸੰਗਤਾਂ ਮੱਥਾ ਟੇਕਦੀਆਂ ਹਨ । ਇਉਂ ਜਾਪਣ ਲਗ ਜਾਂਦਾ ਹੈ ਕਿ ਮੱਥਾ ਟੇਕਣ ਵਾਲਾ ਗੁਰੂ ਸਾਹਿਬ ਦੇ ਨਾਲ ਲਾਲ ਮ੍ਰਿਤਕ ਪ੍ਰਾਣੀ ਦੀ ਫ਼ੋਟੋ ਨੂੰ ਵੀ ਮੱਥਾ ਟੇਕ ਰਿਹਾ ਹੈ ।

ਅਮੀਰ ਲੋਕ ਤਾਂ ਮ੍ਰਿਤਕ ਪ੍ਰਾਣੀ ਦੀ ਬੜੀ ਸੁੰਦਰ ਤਸਵੀਰ ਬਣਵਾ ਕੇ ਉਸ ਉਤੇ ਫੁਲਾਂ ਦਾ ਸਿਹਰਾ ਚੜ੍ਹਾ ਕੇ ਰੱਖਣ ਲਗ ਪਏ ਹਨ, ਜਿਵੇਂ ਕੋਈ ਬੜੇ ਭਜਨੀਕ ਜਾਂ ਮੰਨੇ ਪਰਮੰਨੇ ਮਹਾਂਪੁਰਸ਼ ਦੀ ਯਾਦ ਮਨਾਈ ਜਾ ਰਹੀ ਹੋਵੇ ।

ਕੁਝ ਵੀ ਹੋਵੇ, ਮ੍ਰਿਤਕ ਭਾਵੇਂ ਕੋਈ ਸੰਤ ਹੋਵੇ ਜਾਂ ਲੀਡਰ, ਸਾਧਾਰਨ ਪੁਰਸ਼-ਇਸਤਰੀ ਹੋਵੇ ਜਾਂ ਅਸਾਧਾਰਨ ਸਿਫਤ ਵਾਲਾ, ਅਮੀਰ ਜਾਂ ਗਰੀਬ ਹੋਵੇ ਭੋਗ ਸਮੇਂ ਉਸ ਦੀ ਤਸਵੀਰ ਦੀ ਨੁਮਾਇਸ਼, ਸ੍ਰੀ ਗੁਰੂ ਗਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿਚ ਕਰਨੀ, ਨਿਰੋਲ ਮਨਮਤ, ਆਪ ਹੁਦਰੀ ਤੇ ਬੇ ਤੁਕੀ ਕਾਰਵਾਈ ਹੈ ਜਿਸਦਾ ਕੋਈ ਮਤਲਬ ਹੀ ਨਹੀਂ ।

ਹੈਰਾਨੀ ਦੀ ਗਲ ਇਹ ਹੈ ਕਿ ਮ੍ਰਿਤਕ ਦੇ ਭੋਗ ਸਮੇਂ ਉਥੇ ਬੈਠੇ ਹੋਏ ਸਿੰਘ ਸਭਾਵਾਂ ਦੇ ਪ੍ਰਧਾਨ, ਸਕੱਤਰ, ਪੰਥਕ ਮੁਖੀ ਤੇ ਹੋਰ ਆਗੂ ਤੇ ਧਾਰਮਿਕ ਵਿਚਾਰਾਂ ਵਾਲੇ ਪੁਰਸ਼ ਇਸਤਰੀਆਂ ਇਸ ਤਰ੍ਹਾਂ ਦੀਆਂ ਮਨਮਤੀ ਅਤੇ ਗੁਰਮਤਿ ਵਿਰੋਧੀ ਕਾਰਵਾਈਆਂ ਵੇਖ ਕੇ ਆਪਣੀ ਜ਼ੁਬਾਨ ਤੱਕ ਨਹੀਂ ਖੋਲ੍ਹਦੇ । ਚੂੰ ਤਕ ਨਹੀਂ ਕਰਦੇ ।

ਦੁੱਖ ਦੀ ਗਲ ਹੋਰ ਇਹ ਹੁੰਦੀ ਹੈ ਕਿ ਉਪਰ ਦਿਤੇ ਹੋਏ ਧਾਰਮਿਕ ਰੁਚੀ ਵਾਲੇ ਅਤੇ ਗੁਰਮਤਿ ਦੀ ਕੁਝ ਸੋਝੀ ਰੱਖਣ ਵਾਲੇ ਮਨੁੱਖ ਇਸ ਮਨਮਤ ਵਿਰੁਧ ਕੁਝ ਕਹਿਣ ਦੀ ਥਾਂ ਸਮਾਗਮ ਵਾਲੇ ਘਰ ਦੇ ਮੁਖੀ ਸਜਨ ਦੀ ਬੇ ਲੋੜੀ ਤੇ ਝੂਠੀ ਸੱਚੀ ਸ਼ਲਾਘਾ ਕਰ ਦੇਂਦੇ ਹਨ ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਘਰ ਵਾਲਿਆਂ ਨੂੰ ਤਸੱਲੀ ਹੋ ਜਾਂਦੀ ਹੈ ਕਿ ਉਨਾਂ ਨੇ ਭੋਗ ਸਮੇਂ ਜੋ ਕੀਤਾ ਹੈ, ਉਹ ਐਨ ਗੁਰਮਤਿ ਅਨੁਸਾਰ ਹੈ । ਕਿਉਂਕਿ ਕਿਸੇ ਗਰੰਥੀ

ਸਿੰਘ, ਰਾਗੀ ਸਿੰਘ ਪ੍ਰਚਾਰਕ ਜਾਂ ਹੋਰ ਪਿੰਡ ਸ਼ਹਿਰ ਦੇ ਨੇਤਾ ਨੇ ਕੋਈ ਕਿੰਤੂ ਨਹੀ ਕੀਤੀ ।

ਇਹੋ ਕਾਰਨ ਹੈ ਕਿ ਜਿਥੇ ਹੋਰ ਲੋਕਾਂ ਨੂੰ ਇਸ ਤਰਾਂ ਦੀਆਂ ਮਨਮਤ ਦੀਆ ਗਲਾਂ ਕਰਨ 'ਚ ਉਤਸ਼ਾਹ ਮਿਲਦਾ ਹੈ ਉਥੇ ਗੁਰਮਤਿ ਵਿਰੋਧੀ ਕਾਰਵਾਈਆਂ ਦਿਨੋ ਦਿਨ ਵਧ ਰਹੀਆਂ ਹਨ ।

ਸਾਡੇ ਸਿਖ ਘਰਾਂ ਵਿਚ ਮ੍ਰਿਤਕ ਦੇ ਭੋਗ ਸਮੇਂ, ਉਹ ਕਿਹੜੀ ਬਿਪਰਨ (ਬ੍ਰਾਹਮਣ) ਰੀਤੀ ਹੈ ਜੋ ਨਹੀਂ ਹੁੰਦੀ । ਕਿਰਿਆ ਸਮੇਂ ਕਪੜੇ, ਬਰਤਨ, ਫਰੂਟ, ਮਠਿਆਈ, ਛਤਰੀ ਆਦਿ ਵਸਤਾਂ ਮ੍ਰਿਤਕ ਪਾਣੀ ਲਈ ਦੀਵਾਨ ਵਿਚ ਰੱਖ ਕੇ ਨੁਮਾਇਸ਼ ਸਾਡੇ ਘਰਾਂ ਵਿਚ ਗੱਜ ਵੱਜ ਕੇ ਕੀਤੀ ਜਾਂਦੀ ਹੈ । ਫਰਕ ਕੇਵਲ ਇਤਨਾ ਹੈ ਕਿ ਉਨ੍ਹਾਂ ਘਰਾਂ ਵਿਚ ਇਹ ਸਾਰੀਆਂ ਵਸਤਾਂ ਬ੍ਰਾਹਮਣ ਜਾਂ ਅਚਾਰਜੀ ਲੈ ਜਾਂਦਾ ਹੈ ਇਧਰ ਸਾਡੇ ਪਾਠੀ ਗ੍ਰੰਥੀ ਸਿੰਘ ਸਮੇਟ ਕੇ ਲੈ ਜਾਂਦੇ ਹਨ।

ਗੁਰੂ ਮਹਾਰਾਜ ਦੇ ਖਾਲਸੇ ਪ੍ਰਤੀ ਹੇਠ ਲਿਖੇ ਵਾਕ, ਜਾਪਦਾ ਹੈ, ਸਾਨੂੰ ਭੁਲਦੇ ਜਾ ਰਹੇ ਹਨ :-

**ਜਬ ਇਹ ਗਹੈ ਬਿਪਰਨ ਕੀ ਰੀਤ ॥**
**ਮੈਂ ਨ ਕਰੋਂ ਇਨ ਕੀ ਪ੍ਰਤੀਤ ॥**

ਇਸ ਤੋਂ ਪਹਿਲੀਆਂ ਪੰਗਤੀਆਂ ਗੁਰੂ ਸਾਹਿਬ ਦੀਆਂ ਇਹ ਹਨ:-

**ਜਬ ਲਗ ਖਾਲਸਾ ਰਹੈ ਨਿਆਰਾ ।**
**ਤਬ ਲਗ ਤੇਜ ਦੀਉ ਮੈਂ ਸਾਰਾ ।**

ਗੁਰਮਤਿ ਵਿਰੋਧੀ ਕਾਰਵਾਈਆਂ ਨੂੰ ਜੇ ਰੋਕਣਾ ਹੈ ਤਾਂ ਸਾਡੇ ਧਾਰਮਿਕ ਲੀਡਰਾਂ, ਸਿੰਘ ਸਭਾਵਾਂ ਅਤੇ ਹੋਰ ਧਾਰਮਕ ਸੰਸਥਾਵਾਂ ਦੇ ਪ੍ਰਬੰਧਕਾਂ, ਪ੍ਰਧਾਨਾਂ ਅਤੇ ਗ੍ਰੰਥੀ, ਪਾਠੀ ,ਸਿੰਘਾਂ ਨੂੰ ਮਹਾਰਾਜ ਦੀਆਂ ਉਪਰਲੀਆਂ ਪੰਗਤੀਆਂ ਵਲ ਉਚੇਚਾ ਧਿਆਨ ਦੇ ਕੇ ਅਮਲ ਵਿਚ

ਲਿਆਉਣਾ ਪਵੇਗਾ, ਉਥੇਂ ਉਨਾਂ ਨੂੰ ਇਹੋ ਜਿਹੀਆਂ ਹੋਰ ਗੁਰਬਾਣੀ ਦੀਆਂ ਪੰਗਤੀਆਂ ਦੀ ਵਿਆਖਿਆ ਵਿਸਥਾਰ ਨਾਲ ਸੰਗਤਾਂ ਵਿਚ ਪ੍ਰਚਾਰਨੀ ਪਵੇ ਗੀ ।

ਆਗੂਆਂ ਨੂੰ ਅਕਾਲੀ ਫੂਲਾ ਸਿੰਘ ਦੀ ਤਰਾਂ ਨਿੱਡਰ ਹੋ ਕੇ ਅੱਗੇ ਨਿਤਰਨਾ ਪਏਗਾ । ਇਨ੍ਹਾਂ ਫਜ਼ੂਲ ਰਿਵਾਜਾਂ ਵਿਰੁਧ ਜਹਾਦ ਕਰਨ ਲਈ ਹਰ ਸਿਖ ਅਖਵਾਉਣ ਵਾਲੇ ਨੂੰ ਗੁਰਮਤਿ ਦੇ ਮੁਢਲੇ ਤੇ ਜ਼ਰੂਰੀ ਅਸੂਲਾਂ ਤੂੰ ਜਿਥੇ ਆਪ ਜਾਣੂ ਹੋਣਾ ਪਵੇਗਾ ਉਥੇ ਇਸ ਦੇ ਪ੍ਰਚਾਰ ਲਈ ਤਨਮਨ ਅਤੇ ਧਨ ਵੀ ਲਾਉਣਾ ਪਏਗਾ ।

ਜਿਥੇ ਕਿਧਰੇ ਇਹੋ ਜਿਹੀਆਂ ਕੁਰੀਤੀਆਂ ਹੁੰਦੀਆਂ ਹੋਣ ਉਥੇ ਬਿਨ੍ਹਾਂ ਕਿਸੇ ਲਿਹਾਜ ਦੇ ਪ੍ਰੋਟੈਸਟ ਕਰਨਾ ਪਏਗਾ । ਜੇ ਘਰ ਵਾਲੇ ਨਹੀ ਮੰਨਦੇ ਤਾਂ ਉਨਾ ਦੇ ਓਸ ਸਮਾਗਮ ਦਾ ਬਾਈਕਾਟ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਨਾਲ ਗੁਰਮਤਿ ਦੇ ਪ੍ਰਚਾਰ ਦੇ ਹੋਰ ਸਾਧਨਾਂ ਨੂੰ ਅਪਨਾਉਣ ਦੇ ਨਾਲ ਨਾਲ ਮ੍ਰਿਤਕ ਦੇ ਭੋਗ ਦੇ ਮੌਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਤਿਮ ਵਸੀਅਤ ਜੋ 'ਰਾਮਕਲੀ ਸੱਦ' ਸਿਰਲੇਖ ਹੇਠ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ, ਓਸ ਦੀ ਵਿਆਖਿਆ ਜ਼ੂਰਰ ਹੋਣੀ ਚਾਹਦੀ ਹੈ ।

ਇਸ ਤਰ੍ਹਾਂ ਇਹ ਗਲਤ ਪਈਆਂ ਹੋਈਆਂ ਰੀਤ਼ਾਂ ਹਟ ਸਕਣਗੀਆਂ।

# ਬਿਪਰਨ ਕੀ ਰੀਤ

ਗੁਰੂ ਸਾਹਿਬ ਸਾਨੂੰ ਬਿਪਰਨ (ਬ੍ਰਾਹਮਣਾ) ਦੀ ਰੀਤ ਨੂੰ ਤਿਆਗ ਦੇਣ ਅਤੇ ਗੁਰਮਤਿ ਨੂੰ ਧਾਰਨ ਕਰਨ ਦਾ ਜ਼ੋਰ ਦੇ ਗਏ ਹਨ । ਪਰ ਅਸੀਂ ਐਸੇ ਨਾ ਸਮਝ ਹਾਂ ਕਿ ਅਜ ਤੱਕ ਮ੍ਰਿਤਕ ਸਮੇਂ ਬ੍ਰਾਹਮਣੀ ਰੀਤਾਂ ਨਹੀਂ ਛਡੀਆਂ ਤੇ ਨਾਂਹ ਹੀ ਛਡਣ ਬਾਰੇ ਸੋਚ ਰਹੇ ਹਾਂ ।

ਸਿਖ ਰਹਿਤ ਮਰਿਯਾਦਾ ਪੁਸਤਕ ਨੂੰ ਛਪਿਆਂ ਭਾਵੇਂ 50 ਸਾਲ ਤੋਂ ਵਧ ਹੋ ਗਏ ਹਨ ਪਰ ਪ੍ਰਚਾਰ ਦੀ ਘਾਟ ਕਾਰਨ ਅਸੀਂ ਇਹ ਛੋਟੀ ਜਿਹੀ 50 ਪੈਸੇ ਦੀ ਪੁਸਤਕ ਨੂੰ ਧਿਆਨ ਨਾਲ ਪੜਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਅਤੇ ਨਾਂਹ ਹੀ ਮਨੌਮਤ ਨੂੰ ਤਿਆਗਿਆ ਹੈ ਖੈਰ ....... ਗੁਰਮਤਿ ਦੇ ਪ੍ਰਚਾਰ ਦੇ ਆਸ਼ੇ ਨੂੰ ਮੁਖ ਰੱਖਦਿਆਂ ਇਸ ਪੁਸਤਕ ਦੇ ਅਧਾਰ ਉਤੇ ਮ੍ਰਿਤਕ ਸਮੇ ਕਰਨ ਵਾਲੇ ਅਤੇ ਨਾਂਹ ਕਰਨ ਵਾਲੇ ਕੰਮਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ :-

(1) ਮਰਨ ਵੇਲੇ ਜੇ ਪ੍ਰਾਣੀ ਮੰਜੇ ਉਤੇ ਹੋਵੇ ਤਾਂ ਉਸ ਨੂੰ ਹੇਠਾਂ ਨਹੀ ਉਤਾਰਨਾ । ਨਾ ਹੀ ਦੀਵਾ, ਵੱਟੀ ਗਊ ਆਦਿ ਮਨਸਾਉਣੀ ।

(2) ਪ੍ਰਾਣੀ ਦੇ ਚੜਾਈ ਕਰਨ ਉਪਰੰਤ ਦਾਹ ਮਾਰਨੀ, ਪਿਟਨਾ, ਸਿਆਪਾ ਆਦਿ ਨਹੀ ਕਰਨਾ ਚਾਹੀਦਾ ਸਗੋਂ ਮਨ ਨੂੰ ਵਾਹਿਗੁਰ ਦੀ ਰਜ਼ਾ ਵਿਚ ਲਿਆਉਣ ਲਈ ਗਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰਨਾ ਚਾਹੀਦਾ ਹੈ ।

(3) ਪ੍ਰਾਣੀ ਭਾਵੇਂ ਛੋਟੀ ਉਮਰ ਦਾ ਹੋਵੇ ਭਾਵੇਂ ਵੱਡੀ ਉਮਰ ਦਾ, ਸਭ ਦਾ ਸਸਕਾਰ ਕਰਨਾ ਜ਼ਰੂਰੀ ਹੈ । ਹਾਂ ਜੇ ਕਿਧਰੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਤਾਂ ਉਥੇ ਜਲ ਪ੍ਰਵਾਹ ਕਰ ਦੇਣ ਜਾਂ ਕੋਈ ਹੋਰ ਤਰੀਕਾ ਵਰਤਣ 'ਚ ਕੋਈ ਵਹਿਮ ਨਹੀ ਕਰਨਾ ਚਾਹੀਦਾ।

(4) ਸਸਕਾਰ ਕਰਨ ਲਈ ਸਵੇਰ ਜਾਂ ਸ਼ਾਮ ਦੇ ਵਕਤ ਦਾ ਭਰਮ ਨਹੀਂ ਕਰਨਾ ।

(5) ਅਰਥੀ ਸਮੇਂ ਕਿਸੇ ਤਰ੍ਹਾਂ ਦਾ ਬਿਬਾਣ ਕਢਣਾ ਜਾਂ ਬੁੱਢਾ ਮਰਨਾ ਆਦਿ ਕਰਮ ਨਹੀਂ ਕਰਨੇ । ਕੀਰਤਨ ਕਰਦੇ, ਸ਼ਬਦ ਪੜ੍ਹਦੇ ਹੋਏ ਸ਼ਮਸ਼ਾਨ ਭੂਮੀ ਵਲ ਲਿਜਾਇਆ ਜਾਏ ।

(6) ਮ੍ਰਿਤਕ ਸਰੀਰ ਨੂੰ ਨੂੰਹਾਂ ਜਾਂ ਹੋਰ ਸੰਬੰਧੀਆਂ ਤੋਂ ਰੁਪਿਆ ਆਦਿ ਰਖ ਕੇ ਜਾਂ ਵੈਸੇ ਹੀ ਮਥਾ ਟੇਕਣਾ -ਟਿਕਾਉਣਾ ਸਿਖਾਂ ਦੀ ਰੀਤ ਨਹੀਂ।

(7) ਰਸਤੇ ' ਅਧ-ਮਾਰਗ ਵਿਚ ਘੜਾ ਤੋੜਨਾ ਤੇ ਧਾਂਹ ਮਾਰਨੀ ਵੀ ਹਿੰਦੂ ਰੀਤੀ ਹੈ । ਸਿਖਾਂ ਦੀ ਰੀਤ ਨਹੀਂ।

(8) ਸ਼ਮਸਾਨ ਭੂਮੀ 'ਚ ਪੁਜ ਕੇ ਚਿਤਾ ਦੀ ਤਿਆਰੀ ਕਰਨ ਸਮੇਂ ਸਾਰੇ ਮਿਲ ਕੇ ਜਪੁਜੀ ਸਾਹਿਬ ਦਾ ਪਾਠ ਪ੍ਰੇਮ ਸਹਿਤ ਉਪਰੰਤ ਅਰਦਾਸਾ ਸੋਧ ਕੇ ਪੁੱਤਰ ਜਾਂ ਕੋਈ ਹੋਰ ਸਬੰਧੀ ਜਾਂ ਹਿਤੂ ਅੰਗੀਠੇ ਨੂੰ ਅੱਗ ਦੇਵੇ । ਜਦੋਂ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾ ਕਪਾਲ ਕਿਰਿਆ (ਡਾਂਗ ਨਾਲ ਅੰਗੀਠਾ ਫਰੋਲਨਾ ਨਿਰੀ ਮਨਮਤ ਹੈ) ਇਹ ਨਹੀ ਕਰਨੀ ।

ਸੰਗਤ ਕੁਝ ਵਿਥ ਤੇ ਬੈਠ ਕੇ ਸ਼ਬਦ ਕੀਰਤਨ ਕਰੇ, ਫਿਰ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਘਰ ਮੁੜਦੇ ਸਮੇਂ ਘਾਹ ਤਰੋੜਨਾ, ਚਿਤਾ ਉਪਰ ਸੁਟਣਾ, ਪਾਣੀ ਦੇ ਛਿੱਟੇ ਮੂੰਹ ਉਤੇ ਮਾਰਨੇ ਸਿਖ ਰੀਤੀ ਦੇ ਬਿਲਕੁਲ ਉਲਟ ਹਨ । ਇਹ ਨਹੀ ਹੋਣੇ ਚਾਹੀਦੇ।

(9) ਘਰ ਆ ਕੇ ਜਾ ਨੇੜੇ ਦੇ ਗੁਰਦੁਆਰੇ ਵਿਚ ਗੁਰੂ ਗਰੰਥ ਸਾਹਿਬ ਦਾ ਪਾਠ ਰੱਖਿਆ ਜਾਏ ਅਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਏ ।

(10) ਅੰਗੀਠੇ ਦੀ ਸੰਭਾਲ, ਅੰਗੀਠੇ ਦੇ ਠੰਡੇ ਹੋਣ ਦਾ ਅੰਦਾਜ਼ਾ ਲਾਕੇ ਤੀਜੇ ਜਾਂ ਚੌਥੇ ਦਿਨ ਕੀਤੀ ਜਾਏ । ਕਿਸੇ ਦਿਨ ਵਾਰ ਜਾਂ ਸਵੇਰ ਸ਼ਾਮ ਦਾ ਭਰਮ ਨਹੀ ਕਰਨਾ । ਸਾਰੀ ਰਾਖ, ਅਸਤੀਆਂ ਸਮੇਤ ਇਕਠੀ ਕਰ ਲਈ ਜਾਵੇ । (ਲੋੜ ਪੈਣ ਤੇ) ਚਿਖਾ ਉਪਰ ਪਾਣੀ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ । ਫਿਰ ਇਹ ਸਭ ਕੁਝ ਨੇੜੇ ਵਗਦੇ ਪਾਣੀ ਵਿਚ ਵਹਾ ਦਿਤਾ ਜਾਏ ।

ਉਚੇਚੇ ਤੌਰ ਤੇ ਕੱਚੀ ਲੱਸੀ ਦਾ ਛਿੜਕਾਉ ਕਰਨਾ, ਫੁਲ ਚੁਣ ਕੇ, ਧੋ ਕੇ, ਕੀਰਤਪੁਰ ਪਤਾਲਪੁਰੀ ਜਾਂ ਹਰਦੁਆਰ ਪਹੁੰਚਾਉਣੇ ਗੁਰੂ ਘਰ ਦੀ ਰੀਤੀ ਨਹੀ । ਇਹ ਨਿਰੋਲ ਹਿੰਦੂ ਰੀਤੀ ਦੀ ਨਕਲ ਹੈ ਤੇ ਮਨਮਤ ਹੈ । ਹਿੰਦੂ ਲੋਕ ਹਰਦੁਆਰ ਲੈ ਜਾਂਦੇ ਹਨ ਅਸੀਂ ਨਵਾਂ ਹਰਦੁਆਰ ਪਤਾਲਪੁਰੀ ਨੂੰ ਬਣਾ ਦਿਤਾ ਹੈ । ਦੂਸਰੇ ਦੇ ਘਰੋਂ ਮਨਮਤ ਨੂੰ ਸਦ ਲਿਆਂਦਾ ਹੈ ।

(11) ਚੰਗਾ ਤਾਂ ਇਹ ਹੈ ਕਿ ਗੁਰੂ ਗਰੰਥ ਸਾਹਿਬ ਦਾ ਪਾਠ ਘਰ ਵਿਚ ਉਸੇ ਦਿਨ ਜਾਂ ਅਗਲੇ ਦਿਨ ਰਖ ਦਿਤਾ ਜਾਏ । ਇਸ ਸਹਿਜ ਪਾਠ ਨੂੰ ਘਰ ਵਾਲੇ ਤੇ ਹੋਰ ਸਬੰਧੀ ਰਲ ਕੇ ਕਰਨ । ਜੇ ਹੋ ਸਕੇ ਤਾਂ ਕੁਝ ਦਿਨ ਰੋਜ ਸ਼ਾਮੀ ਕੀਰਤਨ ਜਾਂ ਕਥਾ ਵੀ ਹੋਵੇ ।

(12) ਪਾਠ ਦੀ ਸਮਾਪਤੀ 10-12 ਦਿਨਾਂ ਦੇ ਅੰਦਰ ਨੀਅਤ ਕੀਤੀ ਜਾਏ ਜੋ ਸੰਬੰਧੀਆਂ ਲਈ ਵੀ ਸੌਖ ਹੋਵੇ । ਭੋਗ ਸਵੇਰੇ ਜਾਂ ਸ਼ਾਮ ਕਿਸੇ ਵੇਲੇ ਵੀ ਪੈ ਸਕਦਾ ਹੈ । ਇਹ ਜਰੂਰੀ ਨਹੀ ਕਿ ਮ੍ਰਿਤਕ ਦਾ ਭੋਗ ਦੁਪਹਿਰ ਮਗਰੋਂ ਹੀ ਪਵੇ ।

(13) ਭੋਗ ਸਮੇਂ ਫਲ-ਫਰੂਟ, ਰਜਾਈ, ਤੁਲਾਈ, ਬਰਤਨ, ਛਤਰੀ, ਜੁਤੀ ਕਪੜੇ ਆਦਿ ਪ੍ਰਾਣੀ ਦੇ ਨਮਿਤ ਰਖਣੇ ਜਿਥੇ ਨਿਰੀ ਮਨਮਤ ਹੈ ਉਥੇ ਆਪਣੀ ਅਗਿਆਨਤਾ ਤੇ ਨਾਸਮਝੀ ਦਾ ਪ੍ਰਗਟਾਵਾ ਕਰਨਾ ਹੈ । ਇਹ ਵੀ ਨਿਰੋਲ ਹਿੰਦੂ ਰੀਤ ਹੈ ।

ਜਿਹੜੇ ਲੋਕ ਕਹਿੰਦੇ ਹਨ ਕਿ ਇਸ ਬਹਾਨੇ ਗੁਰਦੁਆਰੇ ਦਾ ਸਮਾਨ ਬਣ ਜਾਂਦਾ ਹੈ ਉਨ੍ਹਾਂ ਦੀ ਸੇਵਾ ਵਿਚ ਬਿਨੈ ਹੈ ਕਿ ਇਹੋ ਜਿਹੇ ਬਹਾਨੇ ਤਾਂ ਮਨੁੱਖ ਦੇ ਜਨਮ ਵਿਚ ਕਈ ਆਉਂਦੇ ਹਨ । ਬਚੇ ਦਾ ਜਨਮ ਹੁੰਦਾ ਹੈ, ਵਿਆਹ ਸ਼ਾਦੀਆਂ ਆਦਿ, ਕਈ ਖੁਸ਼ੀ ਦੇ ਮੌਕੇ ਆਉਂਦੇ ਹਨ, ਓਸ ਵੇਲੇ ਇਹ ਸਮਾਨ ਗੁਰਦੁਆਰੇ ਕਿਉ ਨਹੀਂ ਦਿੱਤਾ ਜਾਂਦਾ? ਕੇਵਲ ਮ੍ਰਿਤਕ ਦੇ ਭੋਗ ਉਤੇ ਇਹ ਦਾਨ ਗੁਰੂ ਘਰ ਲਈ

ਕਿਓਂ ?

ਦਰਅਸਲ ਅਸੀਂ ਗੁਰੂ ਦੀ ਸਿਖੀ ਧਾਰਨ ਕਰਨ ਦੀ ਥਾਂ ਮਨ ਦੇ ਸਿਖ ਬਣਦੇ ਜਾ ਰਹੇ ਹਾਂ । ਆਪਣੇ ਮਨ ਦੀ ਮਰਜ਼ੀ ਨਾਲ ਬਹਾਨੇ ਦੀ ਸਿਖੀ ਧਾਰਨ ਕਰੀ ਜਾ ਰਹੇ ਹਾਂ । ਗੁਰੂ ਦੀ ਦਿਤੀ ਹੋਈ ਮਤ ਵਲੋਂ ਅਸੀ ਦਿਨਬਦਿਨ ਅਵੇਸਲੇ ਹੋ ਰਹੇ ਹਾਂ । ਇਸ ਤਰਾਂ ਨਹੀ ਹੋਣਾ ਚਾਹੀਦਾ ।

(14) ਪ੍ਰਾਣੀ ਨਮਿਤ ਭੋਗ ਪਾ ਕੇ ਫਿਰ ਸਾਲ ਮਗਰੋਂ ਵਰੀਨਾ ਆਦਿ ਦੀ ਕੋਈ ਰਸਮ ਬਾਕੀ ਨਹੀਂ ਰਹਿ ਜਾਂਦੀ । ਜਿਹੜੇ ਵੀਰ ਆਖਦੇ ਹਨ ਬਹਾਨੇ ਨਾਲ ਸਾਲ ਮਗਰੋਂ ਪਾਠ ਹੋ ਜਾਂਦਾ ਹੈ, ਕੁਝ ਦਾਨ ਪੁੰਨ ਹੋ ਜਾਂਦਾ ਹੈ ਉਹਨਾਂ ਨੂੰ ਚੇਤੇ ਰਖਣਾ ਚਾਹੀਦਾ ਹੈ ਕਿ ਸਿਖੀ ਬਹਾਨੇ ਨਾਲ ਨਹੀਂ ਕਮਾਈ ਜਾ ਸਕਦੀ । ਸਿਖੀ ਨੂੰ ਸਮਝਣ ਲਈ ਗੁਰੂ ਦੀ ਗਲ ਸੁਣਨੀ ਪਏਗੀ ਤੇ ਮੰਨਣੀ ਵੀ ਪਵੇਗੀ । ਗੁਰੂ ਦੀਆਂ ਗਲਾਂ ਗੁਰਬਾਣੀ ਹੈ । ਸੋ ਗੁਰਬਾਣੀ ਨੂੰ ਧਿਆਨ ਨਾਲ ਪੜਨ ਸੁਣਨ ਤੇ ਸਮਝਣ ਨਾਲ ਹੀ ਮੰਨਣ ਦੀ ਅਵਸਥਾ ਆ ਸਕਦੀ ਹੈ ਤੇ ਗੁਰਮਤਿ ਧਾਰਨ ਕੀਤੀ ਜਾ ਸਕਦੀ ਹੈ । ਐਵੇਂ ਗਲਾਂ ਬਾਤਾਂ ਨਾਲ ਨਹੀਂ ।

(15) ਸ਼ਰਾਧ ਕਰਨੇ ਕਰਾਉਣੇ ਵੀ ਨਿਰੋਲ ਬ੍ਰਾਹਮਣ ਰੀਤ ਹੈ । ਗੁਰੂ ਸਾਹਿਬ ਨੇ ਗੁਰਬਾਣੀ ਵਿਚ ਇਸ ਦਾ ਭਰਵਾਂ ਖੰਡਨ ਕੀਤਾ ਹੈ । ਪਰ ਅਸੀ ਸ਼ਰਾਧਾਂ ਦੇ ਦਿਨਾਂ ਵਿਚ ਪੰਡਤਾਂ ਦੀ ਥਾਂ ਭਾਈਆਂ ਨੂੰ ਭੋਜਨ ਖੁਆ ਕੇ ਬਹਾਨਾ ਘੜ ਲੈਂਦੇ ਹਾਂ ਕਿ ਸਿਖਾਂ ਨੂੰ ਰੋਟੀ ਖੁਆਈ ਹੈ ।

ਗੁਰਸਿਖਾਂ ਨੂੰ ਅੰਨ ਪਾਣੀ ਛਕਾਉਣ ਅਤੇ ਹੋਰ ਯਥਾ ਸ਼ਕਤ ਸੇਵਾ ਕਰਨੀ ਬੜੀ ਚੰਗੀ ਗਲ ਹੈ ਪਰ ਇਹ ਕੇਵਲ ਸ਼ਰਾਧ ਦੇ ਦਿਨਾਂ ਵਿਚ ਹੀ ਕਿਉਂ ? ਦਸਵੀ ਉਤੇ ਗੁਰੂ ਨਾਨਕ ਸਾਹਿਬ ਦਾ ਸ਼ਰਾਧ

ਕਰਨਾ ਕਰਾਉਣਾ ਗੁਰੂ ਸਾਹਿਬ ਦੇ ਗੁਰਬਾਣੀ ਵਿਚ ਖੰਡਨ ਕੀਤੇ ਕਰਮ ਨੂੰ ਕਰਨਾ, ਬਹੁਤ ਵਡੀ ਅਵਗਿਆ ਹੈ, ਪਾਪ ਹੈ ।

(16) ਕੁਝ ਸੱਜਣ ਅਖੰਡ ਪਾਠ ਕਰਾਉਣਾ ਇਸ ਲਈ ਸੌਖਾ ਸਮਝਦੇ ਹਨ ਕਿ ਆਪੇ ਪਾਠੀ ਪਾਠ ਕਰੀ ਜਾਣਗੇ – ਸਾਡਾ ਪੈਸਾ ਦੇ ਕੇ ਸਰ ਜਾਵੇ ਗਾ । ਇਸ ਲਈ ਪਾਠ ਨੂੰ ਧਿਆਨ ਨਾਲ ਸੁਣਦੇ ਹੀ ਨਹੀ (ਸਮਝਣਾ ਤਾਂ ਇਕ ਪਾਸੇ ਰਿਹਾ)

ਫਿਰ ਜੇ ਕੋਈ ਪਾਠੀ ਜਾਂ ਗਰੰਥੀ ਰਹਿਤ ਮਰਿਯਾਦਾ ਤੋਂ ਜਾਣੂ ਨਾ ਹੋਵੇ ਤਾਂ ਪਾਠ ਦੇ ਨਾਲ ਨਾਲ ਕੁੰਭ, ਨਾਰੀਅਲ ਲਾਲ ਕਪੜਾ, ਮੋਲੀ ਤੇ ਅਨਾਜ ਆਦਿ ਕਈ ਚੀਜ਼ਾਂ ਰਖਵਾਏਗਾ ਤੇ ਇਹ ਲੋਕ ਉਸੇ ਤਰਾਂ ਕਰੀ ਜਾਣਗੇ ।

ਇਨ੍ਹਾਂ ਨੂੰ ਕੌਣ ਸਮਝਾਏਗਾ ਕਿ ਇਹ ਸਾਰੀਆਂ ਚੀਜਾਂ ਹਿੰਦੂ ਲੋਕ ਦੇਵੀ-ਦੇਵਤਿਆਂ ਦੀ ਪੂਜਾ ਕਰਨ ਸਮੇਂ ਕਰਦੇ ਕਰਾਉਂਦੇ ਹਨ । ਸਿਖ ਤਾਂ ਇਕ ਅਕਾਲ ਪੁਰਖ ਨੂੰ ਮੰਨਣ ਵਾਲੇ ਹਨ ਤੇ ਉਸੇ ਦੀ ਉਪਾਸ਼ਨਾਂ ਕਰਨ ਵਾਲੇ ਹਨ । ਜਦ ਉਹ ਦੇਵੀ ਦੇਵਤਿਆਂ ਨੂੰ ਮੰਨਦੇ ਹੀ ਨਹੀ ਤਾਂ ਉਨਾਂ ਦੀ ਉਪਾਸ਼ਨਾ ਇਸ ਤਰੀਕੇ ਨਾਲ ਵੀ ਕਿਉਂ ਕਰਨ ?

- ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਹਿੰਦੂ ਮਤ ਅਨੁਸਾਰ ਕੁੰਭ ਰੱਖਣਾ ਵਰਨ (ਪਾਣੀ) ਦੇਵਤੇ ਦੀ ਪੂਜਾ ਮੰਨੀ ਜਾਂਦੀ ਹੈ ।
- ਲਾਲ ਕਪੜਾ ਤੇ ਮੋਲੀ ਦੇਵੀ ਦੀ ਪੂਜਾ ਦੇ ਚਿੰਨ ਹਨ ।
- ਜੋਤ ਜਗਾਉਣੀ - ਅਗਨੀ ਦੇਵਤੇ ਦੀ ਪੂਜਾ ਹੈ।
- ਨਾਰੀਅਲ – ਸ਼ਿਵ ਜੀ ਅਤੇ ਅਨਾਜ ਅੰਨ ਦੇਵਤੇ ਦੀ ਪੂਜਾ ਕਰਨ ਦਾ ਤਰੀਕਾ ਹੈ ।

ਗੁਰੂ ਦੇ ਸਿਖ ਅਖਵਾਉਣ ਵਾਲੇ ਤਾਂ ਇਸ ਤਰਾਂ ਨਹੀਂ ਕਰਦੇ। ਵਧੇਰੇ ਜਾਣਕਾਰੀ ਲਈ 'ਟੇਕ' ਟ੍ਰੈਕਟ ਪੜਿਆ ਜਾਏ ।

(17) ਗੁਰਮਤਿ ਦਾ ਇਕ ਅਟੱਲ ਸਿਧਾਂਤ ਸਾਨੂੰ ਸਾਰਿਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ : -

**ਮੰਦਾ ਚੰਗਾ ਆਪਣਾ ॥**
**ਆਪੇ ਹੀ ਕੀਤਾ ਪਾਵਣਾ ॥**

ਮਨੁੱਖ ਦਾ ਨਿਬੇੜਾ ਉਸ ਦੇ ਚੰਗੇ ਜਾਂ ਮੰਦੇ ਕੀਤੇ ਕਰਮਾਂ ਅਨੁਸਾਰ ਹੁੰਦਾ ਹੈ । ਪਰ ਵੇਖਣ ਵਿਚ ਆਉਂਦਾ ਹੈ ਕਿ ਅਰਦਾਸ ਕਰਨ ਵਾਲਾ ਆਮ ਕਰ ਕੇ ਇਹ ਕਹਿੰਦਾ ਹੈ ਕਿ ਇਸ ਸਾਰੇ ਪਾਠ, ਕੀਰਤਨ-ਕਥਾ ਦਾ ਮਹਾਤਮ ਜਾਂ ਫਲ ਪ੍ਰਾਣੀ ਦੀ ਵਿਛੜੀ ਰੂਹ ਨੂੰ ਮਿਲੇ ।

ਇਸ ਤਰ੍ਹਾਂ ਕਹਿਣਾ ਵੀ ਨਿਰੋਲ ਬ੍ਰਾਹਮਣੀ ਮਤ ਦੀ ਨਕਲ ਕਰਨਾ ਹੈ । ਸਾਨੂੰ ਆਪਣੇ ਮਨੁੱਖੀ ਫਰਜ਼ਾਂ ਦੀ ਪੂਰਤੀ ਲਈ ਕਹਿਣਾ ਬਣਦਾ ਹੈ, ਅਰਦਾਸ ਕਰਨੀ ਬਣਦੀ ਹੈ ਕਿ ਹੇ ਵਾਹਿਗੁਰੂ ! ਵਿਛੜੀ ਰੂਹ ਦੀਆਂ ਭੁੱਲਾਂ ਬਖਸ਼ ਕੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੋ ਅਤੇ ਪਿਛੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ-ਬਖਸ਼ੋ ।

ਪਾਠ ਕੀਰਤਨ-ਕਥਾ ਦਾ ਜੋ ਪ੍ਰੋਗਰਾਮ ਹੁੰਦਾ ਹੈ ਉਸ ਤੋ ਅਸੀ ਪ੍ਰੇਰਨਾ ਲੈਣੀ ਹੁੰਦੀ ਹੈ ਕਿ ਮਨੁੱਖ ਸਚੇ ਪ੍ਰਭੂ ਨਾਲ ਜੁੜਿਆ ਰਹੇ ਅਤੇ ਸਰੀਰਾਂ ਦੇ ਨਾਸ਼ ਹੋਣ ਦੀ ਯਾਦ ਸਦਾ ਬਣੀ ਰਹੇ । ਗੁਰਬਾਣੀ ਸੁਣ ਕੇ ਪਰਵਾਰ ਦੇ ਮੈਂਬਰਾਂ ਨੂੰ ਸ਼ਾਂਤੀ ਅਤੇ ਧੀਰਜ ਮਿਲਦਾ ਹੈ ।

# ਤੀਜੀ ਪਾਤਸ਼ਾਹੀ

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪਣੇ ਜੋਤੀ ਜੋਤ ਸਮਾਉਣ ਸਮੇਂ ਆਪਣੇ ਪਰਵਾਰ ਅਤੇ ਸਿੱਖ ਸੰਗਤਾਂ ਨੂੰ ਜੋ ਉਪਦੇਸ਼ ਦਿਤਾ ਸੀ ਕਿ ਉਨ੍ਹਾਂ ਦੇ ਮਗਰੋਂ ਕੀ ਕੁਝ ਕਰਨਾ ਹੈ ਉਹ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 923 ਉਤੇ 'ਰਾਮਕਲੀ ਸੱਦ' ਨਾਂ ਦੀ ਬਾਣੀ ਵਿਚ ਦਰਜ ਹੈ।

ਸਾਨੂੰ ਗੁਰੂ ਕੇ ਸਿਖ ਅਖਵਾਉਣ ਵਾਲਿਆਂ ਨੂੰ "ਸਿੱਖ ਰਹਿਤ ਮਰਿਯਾਦਾ" ਦੇ ਨਾਲ-ਨਾਲ ਇਸ ਬਾਣੀ ਤੋਂ (ਮ੍ਰਿਗਤ ਸਮੇਂ) ਯੋਗ ਅਗਵਾਈ ਲੈਣੀ ਚਾਹੀਦੀ ਹੈ। ਇਸ ਵਿਚ ਲਿਖਿਆ ਹੋਇਆ ਹੈ: ਅਤੇ ਸਤਿਗੁਰੁ ਬੋਲਿਆ

*ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।*

..........................................

*ਬੇਬਾਣੁ ਹਰਿ ਰੰਗੁ ਗੁਰ ਭਾਵਏ ॥*

ਬੇਬਾਣ (ਵਡਾ ਕਰਨਾ ਜਾਂ ਬੁਢਾ ਮਰਨਾ ਕਰਨਾ) ਵੀ ਗੁਰੂ ਪਾਤਸ਼ਾਹ ਨੂੰ ਕੇਵਲ ਅਕਾਲ ਪੁਰਖ ਨਾਲ ਪਿਆਰ ਕਰਨਾ ਹੀ ਚੰਗਾ ਲਗਦਾ ਹੈ। ਕਿਰਿਆ ਕਰਮ ਬਾਰੇ ਵੀ ਇਸ ਬਾਣੀ 'ਚ ਲਿਖਿਆ ਹੋਇਆ ਹੈ

*ਪਿੰਡ ਪਤਲਿ, ਕਿਰਿਆ, ਦੀਵਾ*
*ਫੁਲ ਹਰਿ ਸਰਿ ਪਾਵਏ ॥*

ਭਾਵ : ਪਤਲਾਂ ਤੇ ਪਿੰਡ ਭਰਨੇ, ਕਿਰਿਆ ਆਦਿ ਦੀ ਰਸਮ ਕਰਨੀ, ਦੀਵੇ ਬਾਲਣਾ ਅਤੇ ਫੁਲ ਆਦਿ (ਗੰਗਾ ਵਿਚ ਪਾਉਣੇ) ਇਨਾ ਸਾਰਿਆਂ ਨੂੰ ਗੁਰੂ ਪਾਤਸ਼ਾਹ ਸਤਸੰਗ ਤੋਂ ਸਦਕੇ (ਕੁਰਬਾਨ) ਕਰਦੇ ਹਨ।

ਇਸ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਪਹਿਲੇ ਪ੍ਰਚਾਰ ਦੌਰੇ ਉਤੇ 'ਗਯਾ' ਵਿਚ ਪੰਡਿਤਾਂ ਨੂੰ ਕਰਮ ਕਾਂਡ ਕਰਦਿਆਂ ਵੇਖ, ਜਿਥੇ ਉਨ੍ਹਾਂ ਦਾ ਖੰਡਨ ਕੀਤਾ ਉਥੇ ਸਚਾ ਉਪਦੇਸ਼ ਦੇਦਿਆਂ ਕਿਹਾ :

*ਪਿੰਡ ਪਤਲਿ ਮੇਰੀ ਕੇਸਉ,*
*ਕਿਰਿਆ ਸਚੁ ਨਾਲ ਕਰਤਾਰੁ ॥*
*ਐਥੇ ਉਥੇ, ਆਗੈ ਪਾਛੇ ਏਹੁ ਮੇਰਾ ਆਧਾਰ ॥*

ਭਾਵ : ਪਤਲਾਂ ਉਤੇ ਪਿੰਡ ਮਣਸਾਣੇ (ਭਰਾਣੇ) ਮੇਰੇ ਵਾਸਤੇ ਪ੍ਰਮਾਤਮਾ ਦਾ ਨਾਮ ਹੀ ਹੈ। ਮੇਰੇ ਵਾਸਤੇ ਕਿਰਿਆ ਦੀ ਰਸਮ ਵੀ ਕਰਤਾਰ ਦਾ ਸਚਾ ਨਾਮ ਹੀ ਹੈ, ਜੋ ਲੋਕ ਅਤੇ ਪਰਲੋਕ ਵਿਚ ਮੇਰੀ ਜ਼ਿੰਦਗੀ ਦਾ ਆਸਰਾ ਹੈ।

ਜੇ ਗੁਰਬਾਣੀ ਦੇ ਉਪਰਲੇ ਸ਼ਬਦਾਂ ਨੂੰ ਵੀਚਾਰ ਨਾਲ ਅਸੀਂ ਪੜੀਏ ਸੁਣੀਏ ਅਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਸਾਡੇ ਵਿਚੋਂ ਜਿਥੇ ਅਨੇਕਾਂ ਪਏ ਭੁਲੇਖੇ ਦੂਰ ਹੋਣਗੇ ਉਥੇ ਅਸੀਂ ਇਨਾਂ ਪਏ ਝਮੇਲਿਆਂ ਚੋਂ ਨਿਕਲ ਕੇ ਗੁਰ ਆਸ਼ੇ ਅਨੁਸਾਰ ਜੀਵਨ ਬਤੀਤ ਕਰਦਿਆਂ ਆਪਣਾ ਕੀਮਤੀ ਸਮਾਂ ਮਨਮਤੀ ਅਤੇ ਅਨਮਤੀ ਰਸਮਾਂ ਵਿਚ ਪੈ ਕੇ ਨਹੀਂ ਗਵਾਂਵਾਂਗੇ।

ਸੋ ਸਾਨੂੰ ਪਹਿਲਾਂ ਆਪ ਇਨਾਂ ਨੂੰ ਪੜ ਸੁਣ ਕੇ ਸਮਝਣ ਅਤੇ ਮੰਨਣ ਦੇ ਨਾਲ-ਨਾਲ ਪ੍ਰਚਾਰਨ ਦੀ ਬੜੀ ਲੋੜ ਹੈ।

ਨੋਟ : ਇਹ ਅਤੇ ਇਸ ਤਰਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 25./- ਰੁ: ਸੈਂਕੜਾ ਦੇ ਹਿਸਾਬ ਪੈਸੇ ਭੇਜ ਕੇ ਮੰਗਵਾਉਣ ਲਈ :

ਸ੍: ਦੀਦਾਰ ਸਿੰਘ -129 ਵਿਕਾਸ ਕਾਲੋਨੀ (ਕੋਲਾ ਵਾਲਾ ਟੋਭਾ) ਪਟਿਆਲਾ 147001 ਫੋਨ ਨੰ. 76589